ਇਹ ਜਾਣਕਾਰੀ ਇਹ ਦੱਸਦੀ ਹੈ ਕਿ ਡਬਲਯੂ ਸੀ ਏ ਟੀ ਦੀਆਂ ਔਨਲਾਈਨ ਸੇਵਾਵਾਂ ਲਈ ਕਿਵੇਂ ਸਾਈਨ ਅੱਪ ਹੋਣਾ ਹੈ। ਜ਼ਿਆਦਾ ਜਾਣਕਾਰੀ ਔਨਲਾਈਨ ਦੇਖੋ: WCAT.BC.CA.

## ਆਪਣੀ ਅਪੀਲ ਔਨਲਾਈਨ ਚੈੱਕ ਕਰੋ

ਆਪਣੀ ਅਪੀਲ ਬਾਰੇ ਜਾਣਕਾਰੀ ਲੈਣ ਲਈ ਅਤੇ ਡਬਲਯੂ ਸੀ ਏ ਟੀ ਨੂੰ ਡਾਕੂਮੈਂਟਸ (ਪੇਪਰ) ਭੇਜਣ ਲਈ ਡਬਲਯੂ ਸੀ ਏ ਟੀ ਦੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰੋ। ਉਦਾਹਰਣ ਲਈ, ਤੁਸੀਂ ਇਹ ਕਰ ਸਕਦੇ ਹੋ:

- ✓ ਮਹੱਤਵਪੂਰਨ ਤਾਰੀਕਾਂ, ਤਾਜ਼ਾ ਡਾਕੂਮੈਂਟਸ, ਜਾਂ ਅਪੀਲ ਵਿਚ ਸ਼ਾਮਲ ਹੋਰਨਾਂ ਦੀਆਂ ਦਲੀਲਾਂ ਅਤੇ ਸਬੂਤ ਦੇਖ ਸਕਦੇ ਹੋ
- ✓ ਅਪੀਲ ਬਾਰੇ ਨਵੀਂ ਜਾਣਕਾਰੀ ਮਿਲਣ ’ਤੇ ਈਮੇਲ ਰਾਹੀਂ ਸੂਚਨਾ ਲੈ ਸਕਦੇ ਹੋ
- ✓ ਅਪੀਲ ਲਈ ਸਬੂਤ ਜਾਂ ਜਾਣਕਾਰੀ ਦਰਜ ਕਰਵਾ ਸਕਦੇ ਹੋ

ਡਬਲਯੂ ਸੀ ਏ ਟੀ ਦੀਆਂ ਔਨਲਾਈਨ ਸੇਵਾਵਾਂ ਤੱਕ ਇੱਥੇ ਪਹੁੰਚ ਕਰੋ: WCAT.BC.CA > ONLINE SERVICES

## ਡਬਲਯੂ ਸੀ ਏ ਟੀ ਦੀਆਂ ਔਨਲਾਈਨਾਂ ਸੇਵਾਵਾਂ ਦੀ ਵਰਤੋਂ ਕੌਣ ਕਰ ਸਕਦਾ ਹੈ?

ਤੁਸੀਂ ਡਬਲਯੂ ਸੀ ਏ ਟੀ ਦੀਆਂ ਔਨਲਾਈਨਾਂ ਸੇਵਾਵਾਂ ਦੀ ਵਰਤੋਂ ਕਰ ਸਕਦੇ ਹੋ ਜੇ ਤੁਹਾਡੀ ਹਾਲਤ ਸ਼ਰਤਾਂ ਦੀ ਇਸ ਲਿਸਟ ਨਾਲ ਮੇਲ ਖਾਂਦੀ ਹੈ:

ਤੁਸੀਂ ਅਪੀਲਾਂ ਦੀਆਂ ਇਨ੍ਹਾਂ ਕਿਸਮਾਂ ਵਿੱਚੋਂ ਕਿਸੇ ਇਕ ਵਿਚ ਸ਼ਾਮਲ ਹੋ:

- ✓ ਕੰਪਨਸੇਸ਼ਨ (ਮੁਆਵਜ਼ੇ) ਲਈ ਅਪੀਲਾਂ
- ✓ ਕੰਮ ’ਤੇ ਸਿਹਤ ਅਤੇ ਸੇਫਟੀ ਦੀਆਂ ਅਪੀਲਾਂ
- ✓ ਅਸੈੱਸਮੈਂਟ ਅਪੀਲਾਂ

ਅਤੇ

- ✓ ਤੁਸੀਂ ਅਪੀਲ ਸ਼ੁਰੂ ਕੀਤੀ ਹੈ, ਜਾਂ ਕਿਸੇ ਅਪੀਲ ਦਾ ਜਵਾਬ ਦੇ ਰਹੇ ਹੋ, ਜਾਂ ਤੁਸੀਂ ਅਪੀਲ ਸ਼ੁਰੂ ਕਰਨ ਵਾਲੇ ਜਾਂ ਇਸ ਦਾ ਜਵਾਬ ਦੇਣ ਵਾਲੇ ਕਿਸੇ ਵਿਅਕਤੀ ਦੀ ਨੁਮਾਇੰਦਗੀ ਕਰ ਰਹੇ ਹੋ

ਅਤੇ

- ✓ ਅਪੀਲ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ

ਜਦੋਂ ਤੁਸੀਂ ਡਬਲਯੂ ਸੀ ਏ ਟੀ ਦੀਆਂ ਔਨਲਾਈਨਾਂ ਸੇਵਾਵਾਂ ਲਈ ਸਾਈਨ ਅੱਪ ਕਰ ਲਿਆ ਤਾਂ ਤੁਹਾਡੀਆਂ ਅਪੀਲਾਂ ਬਾਰੇ ਨਵੀਂ ਜਾਣਕਾਰੀ ਮਿਲਣ 'ਤੇ ਤੁਹਾਨੂੰ ਈਮੇਲ ਰਾਹੀਂ ਸੂਚਨਾ ਦਿੱਤੀ ਜਾਵੇਗੀ। ਈਮੇਲਾਂ ਇਨਕ੍ਰਿਪਟਿਡ ਨਹੀਂ ਹੋਣਗੀਆਂ। ਅਪਡੇਟਸ ਜਾਂ ਨਵੀਂ ਜਾਣਕਾਰੀ 'ਤੇ ਵਿਚਾਰ ਕਰਨ ਲਈ ਤੁਸੀਂ ਡਬਲਯੂ ਸੀ ਏ ਟੀ ਦੀਆਂ ਔਨਲਾਈਨਾਂ ਸੇਵਾਵਾਂ ਵਿਚ ਸਾਈਨ ਇਨ ਕਰੋਗੇ।

ਇਮਪਲੌਏਅਰ ਦੇ ਪ੍ਰਤੀਨਿਧ ਅਤੇ ਸੰਪਰਕ, ਆਪਣੀ ਫਰਮ ਜਾਂ ਕੰਪਨੀ ਲਈ ਸਾਰੀਆਂ ਅਪੀਲਾਂ ਬਾਰੇ ਜਾਣਕਾਰੀ ਲੈਣ ਦੇ ਯੋਗ ਹੋਣਗੇ।

ਅਪੀਲਾਂ ਨੂੰ ਔਨਲਾਈਨ ਚੈੱਕ ਕਰਨ ਲਈ ਹੋਰ ਚੋਣਾਂ ਲੱਭੋ: WCAT.BC.CA > CHECK ON AN APPEAL

## ਪਹਿਲੀ ਵਾਰੀ ਸਾਈਨ ਇਨ ਕਰਨਾ

ਕਦਮ 1: ਅਕਾਊਂਟ ਬਣਾਉ

- ✓ WCAT.BC.CA > ONLINE SERVICES 'ਤੇ ਜਾਉ
- ✓ Create an account 'ਤੇ ਕਲਿੱਕ ਕਰੋ

ਕਦਮ 2: ਆਪਣਾ ਈਮੇਲ ਐਡਰੈਸ ਵੈਰੀਫਾਈ ਕਰੋ ਅਤੇ ਅਜਿਹਾ ਉਹ ਕੋਡ ਇੰਟਰ ਕਰਕੇ ਕਰੋ ਜਿਹੜਾ ਤੁਹਾਨੂੰ ਈਮੇਲ ਕੀਤਾ ਗਿਆ ਹੈ।

ਕਦਮ 3: ਆਪਣੇ ਰੋਲ ਬਾਰੇ ਜਾਣਕਾਰੀ ਦੇ ਕੇ ਇਹ ਸਾਬਤ ਕਰੋ ਕਿ ਤੁਸੀਂ ਕੌਣ ਹੋ। ਤੁਹਾਨੂੰ ਇਹ ਇੰਟਰ ਕਰਨ ਦੀ ਲੋੜ ਪਵੇਗੀ:

- ✓ ਆਪਣਾ ਪਹਿਲਾ ਨਾਂ ਅਤੇ ਆਪਣਾ ਗੋਤ। ਇਹ ਬਿਲਕੁਲ ਉਸ ਤਰ੍ਹਾਂ ਇੰਟਰ ਕਰੋ ਜਿਵੇਂ ਇਹ ਤੁਹਾਨੂੰ ਡਬਲਯੂ ਸੀ ਏ ਟੀ ਤੋਂ ਮਿਲੀ ਚਿੱਠੀ 'ਤੇ ਦਿਖਾਈ ਦਿੰਦਾ ਹੈ
- ✓ ਉਹ ਈਮੇਲ ਐਡਰੈਸ ਜਿਹੜਾ ਤੁਸੀਂ ਆਮ ਹੀ ਚੈੱਕ ਕਰਦੇ ਹੋ
- ✓ ਉਸ ਅਪੀਲ ਦਾ ਅਪੀਲ ਨੰਬਰ ਜਿਹੜੀ ਡਬਲਯੂ ਸੀ ਏ ਟੀ ਵਿਖੇ ਪਹਿਲਾਂ ਹੀ ਸ਼ੁਰੂ ਹੈ
- ✓ ਜੇ ਤੁਸੀਂ ਵਰਕਰ ਹੋ ਤਾਂ ਤੁਹਾਡਾ ਨਿੱਜੀ ਸਿਹਤ ਨੰਬਰ (ਪੀ ਐੱਚ ਐੱਨ) ਜਾਂ ਜਨਮ ਦੀ ਤਾਰੀਕ
- ✓ ਜੇ ਤੁਸੀਂ ਇਮਪਲੌਏਅਰ ਜਾਂ ਨੁਮਾਇੰਦੇ ਹੋ ਤਾਂ ਤੁਹਾਡੇ ਇਮਪਲੌਏਅਰ ਜਾਂ ਲਾਅ ਫਰਮ ਦਾ ਨਾਂ ਜਾਂ ਇਮਪਲੌਏਅਰ ਅਪੀਲ ਨੰਬਰ (ਈ ਏ ਐੱਨ) ਅਤੇ ਵਰਕਸੇਫ ਬੀ ਸੀ ਦਾ ਕਲੇਮ ਨੰਬਰ ਜਾਂ ਰਿਵੀਊ ਡਿਵੀਜ਼ਨ ਦਾ ਰੈਫਰੈਂਸ ਨੰਬਰ

ਕਦਮ 4: ਹਰ ਵਾਰੀ ਸਾਈਨ ਇਨ ਕਰਨ ਲਈ ਇਕ ਪਾਸਵਰਡ ਦੀ ਚੋਣ ਕਰੋ।

ਕਦਮ 5: ਪਹਿਲੀ ਵਾਰੀ ਸਾਈਨ ਅੱਪ ਕਰਨ ਤੋਂ ਬਾਅਦ, ਤੁਹਾਨੂੰ ਆਪਣੇ ਆਪ ਹੀ ਉਸ ਐਡਰੈਸ 'ਤੇ ਡਬਲਯੂ ਸੀ ਏ ਟੀ ਦੀਆਂ ਆਪਣੀਆਂ ਅਪੀਲਾਂ ਬਾਰੇ ਈਮੇਲ ਅਪਡੇਟਸ ਮਿਲਣਗੀਆਂ ਜਿਸ ਈਮੇਲ ਐਡਰੈਸ ਨਾਲ ਤੁਸੀਂ ਸਾਈਨ ਅੱਪ ਹੋਏ ਹੋ।

ⓘ ਜੇ ਤੁਹਾਨੂੰ ਡਬਲਯੂ ਸੀ ਏ ਟੀ ਦੀਆਂ ਔਨਲਾਈਨ ਸੇਵਾਵਾਂ ਤੱਕ ਪਹੁੰਚ ਕਰਨ ਵਿਚ ਕੋਈ ਮੁਸ਼ਕਲ ਆਵੇ ਤਾਂ ਮਦਦ ਮੰਗਣ ਲਈ ਸਾਡੀ ਟੀਮ ਨੂੰ ਫੋਨ ਕਰੋ: 604-664-7800 ਜਾਂ 1-800-663-2782